# ਸਿੱਖ ਧਰਮ ਅੰਦਰ ਸ਼ਬਦ-ਗੁਰੂ ਦੀ ਮਹੱਤਤਾ

ਪ੍ਰਿੰ: ਕਰਮ ਸਿੰਘ ਪੱਤਰਕਾਰ
ਬਰਨਾਲਾ (ਸੰਗਰੂਰ)



ਪਰਮ ਸਤਿ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਹਰ ਧਰਮ ਦੇ ਅਧਿਆਤਮਿਕ ਦਰਸ਼ਨ ਅੰਦਰ ਵੱਖ-ਵੱਖ ਤੌਰ 'ਤੇ ਦੱਸਿਆ ਗਿਆ ਹੈ। ਭਾਰਤੀ ਦਰਸ਼ਨ ਪ੍ਰਭੂ ਦੇ ਨਿਰਗੁਣ ਤੇ ਸਰਗੁਣ ਦੋਨੋਂ ਹੀ ਸਰੂਪਾਂ ਦੀ ਭਗਤੀ-ਸਾਧਨਾ ਨੂੰ ਪ੍ਰਵਾਨ ਕਰਦਾ ਹੈ। ਪਰ ਗੁਰਮਤਿ ਅੰਦਰ 'ਗਾਡੀ ਰਾਹ' ਉਪਰ ਚੱਲਦਿਆਂ, 'ਸਤਿ ਸੰਗਤ' ਰਾਹੀਂ, ਭਾਣੇ ਤੇ ਹੁਕਮ ਵਿੱਚ ਰਹਿੰਦੇ ਹੋਇਆਂ ਗੁਰਪ੍ਰਸਾਦਿ ਦੁਆਰਾ ਪ੍ਰੇਮਾ ਭਗਤੀ ਕੇਵਲ 'ਸ਼ਬਦ-ਗੁਰੂ' ਦੀ ਹੀ ਕਰਨੀ ਪ੍ਰਵਾਨ ਹੈ। ਇਹੋ ਸ਼ਬਦ ਹੀ ਜੋਤਿ-ਸਰੂਪ ਬਣਕੇ ਸਭ ਦੇ ਹਿਰਦਿਆਂ ਅੰਦਰ ਅਦ੍ਰਿਸ਼ਟ ਸਰੂਪ ਵਿੱਚ ਰਵਿ ਰਹਿਆ ਹੈ। ਸ਼ਬਦ ਹੀ ਨਿਰੰਕਾਰ ਹੈ, ਅਬਿਨਾਸੀ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਭਵਜਲ ਪਾਰ ਕਰਨ ਲਈ 'ਬੋਹਿਥ' ਹੈ, ਜੀਵਨ ਦੀ ਰੌ ਹੈ, ਆਤਮ ਪ੍ਰਕਾਸ਼ ਹੈ। ਪਰ ਇਹ ਸ਼ਬਦ ਸਾਡੇ ਬਾਹਰੀ ਮਨ, ਬੁੱਧੀ ਤੇ ਵਿਚਾਰਾਂ ਦੀ ਪਕੜ ਤੋਂ ਪਰ੍ਹੇ ਹੈ। ਸ਼ਬਦ ਸਾਧਨਾਂ ਰਾਹੀਂ ਹੀ ਅਸੀਂ ਅੰਤਰ ਆਤਮੇ 'ਪਰਮ ਤੱਤ ਸ਼ਬਦ' ਦੀ ਅਨਹਦ ਧੁਨੀ ਸੁਣਦੇ ਹੋਏ ਵਿਸਮਾਦੀ ਰਸ ਦੇ ਆਤਮਿਕ ਹੁਲਾਰੇ ਮਾਣ ਸਕਦੇ ਹਾਂ। ਸੁਰਤ ਨੂੰ ਸ਼ਬਦ ਵਿੱਚ ਲਿਵਲੀਨ ਕਰਨ ਵਾਸਤੇ ਜਿੱਥੇ ਲਗਨ, ਭੈ-ਭਾਵਨੀ, ਪ੍ਰੇਮ ਤੇ ਸ਼ਰਧਾ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਜ਼ਰੂਰਤ ਹੈ, ਉਥੇ **'ਸਾਵਧਾਨ ਏਕਾਗਰ ਚੀਤ'** ਦੀ ਭੀ ਅਵਸ਼ਕਤਾ ਹੈ।

ਗੁਰੂ ਸਾਹਿਬਾਨ ਨੇ 'ਸ਼ਬਦ' ਨੂੰ 'ਗੁਰੂ' ਦੀ ਪਦਵੀ ਬਖਸ਼ ਕੇ ਗੁਰਸਿੱਖਾਂ ਨੂੰ ਬੁੱਤ ਪੂਜਾ, ਅਵਤਾਰ ਪੂਜਾ, ਮੂਰਤੀ ਪੂਜਾ ਤੇ ਸਖਸ਼ੀ ਪੂਜਾ ਆਦਿ ਤੋਂ ਹਮੇਸ਼ਾਂ ਲਈ ਵਰਜਿਆ ਹੀ ਨਹੀਂ ਸਗੋਂ ਗੁਰਬਾਣੀ ਰਾਹੀਂ ਇਨ੍ਹਾਂ ਨੂੰ ਫੋਕਟ ਤੇ ਨਿਰਾਰਥਕ ਕਰਮ ਦੱਸ ਕੇ ਸਿਧਾਂਤਕ, ਪ੍ਰਮਾਣਿਕ, ਵਿਗਿਆਨਕ ਤੇ ਪ੍ਰਮਾਰਥਿਕ ਦਲੀਲਾਂ ਨਾਲ ਖੰਡਨ ਕਰਕੇ ਪਾਣੀ ਰਿੜਕਣ ਅਤੇ ਸਮਾਂ ਅਜਾਈਂ ਗਵਾ ਕੇ ਅੰਤ ਪਛਤਾਉਣਾ ਦੱਸਿਆ ਹੈ। ਗੁਰਮਤਿ ਅਨੁਸਾਰ ਕੋਈ ਦੇਹਧਾਰੀ ਮਨੁੱਖ, ਮਨੋਕਲਪਤ ਬੁੱਤ ਜਾਂ ਤਸਵੀਰ, ਸਰਗੁਣ ਸਰੂਪ ਦੇ ਚਿੰਨ੍ਹ, ਅਵਤਾਰ, ਦੇਵੀ-ਦੇਵਤੇ ਆਦਿ ਗੁਰੂ ਤੁੱਲ ਨਹੀਂ ਹਨ। ਕਿਸੇ ਸੰਤ, ਮਹੰਤ, ਮਹਾਤਮਾ ਜਾਂ ਗੱਦੀ ਨਸ਼ੀਨ ਆਦਿ ਨੂੰ ਗੁਰੂ ਕਹਿਣਾ ਜਾਂ ਗੁਰੂ ਤੁੱਲ ਸਮਝਣਾ 'ਸ਼ਬਦ-ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕਰਨਾ ਹੈ।

ਸ਼ਬਦ ਦਾ ਕਿਸੇ ਮਜਹਬ, ਜਾਤੀ, ਸਮਾਜ ਜਾਂ ਸੰਪਰਦਾ ਤੇ ਵਰਗ ਵਿਸ਼ੇਸ਼ ਆਦਿ ਨਾਲ ਕੋਈ ਸਬੰਧ ਨਹੀਂ। ਇਹ ਤਾਂ ਸਮੁੱਚੀ ਮਾਨਵਤਾ ਲਈ ਗਿਆਨ ਦਾ ਦੀਪ ਹੈ, ਸਦੀਵੀ ਪ੍ਰਕਾਸ਼ ਹੈ, ਪ੍ਰੇਮ-ਪਦਾਰਥ ਹੈ, ਅਉਖਧ ਹੈ, ਆਤਮਿਕ ਹੁਲਾਰਾ ਤੇ ਮਹਾਂਰਸ ਦਾ ਅਤੁੱਟ ਖ਼ਜ਼ਾਨਾ ਹੈ, ਜਿਸ ਨਾਲ ਸਾਂਝ ਪਾ ਕੇ ਹੀ ਪ੍ਰਭੂ ਜੋਤ ਵਿੱਚ ਅਭੇਦ ਹੋਇਆ ਜਾ ਸਕਦਾ ਹੈ। ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। ਜਿਸ ਦੇ ਕੋਸ਼ਾਗਤ ਅਰਥ ਆਵਾਜ਼, ਧੁਨੀ, ਬੋਲ, ਗੱਲਬਾਤ, ਸੁਰ, ਸੁਨੇਹਾ, ਸਮੁੰਦਰ, ਗੁਰ ਉਪਦੇਸ਼, ਬ੍ਰਹਮ ਉਪਦੇਸ਼, ਖੇਵਟ, ਅਨਹਦ ਬਾਣੀ, ਅਲੱਖ, ਸੱਚ, ਰਤਨ, ਦਾਤਾ, ਸਾਹਿਬ ਤੇ ਗੁਰੂ ਆਦਿ ਦੇ ਵਿਸ਼ੇਸ਼ਣਾਂ ਨਾਲ ਅਲੰਕਾਰਿਤ ਕੀਤਾ ਗਿਆ ਹੈ।

**ਰਤਨ ਜਵੇਹਰ ਨਾਮ।। ਸਤੁ ਸੰਤੋਖ ਗਿਆਨ।।**
**(ਪੰਨਾ ੯੯੩)**
**ਨਾਮੁ ਨਵ ਨਿਧਿ ਗੁਰ ਤੇ ਪਾਏ।। (ਪੰਨਾ ੧੫੯)**
**ਜਿ ਵਸਤੁ ਮੰਗੀਐ ਸਾਈ ਪਾਈਐ**
**ਜੇ ਨਾਮਿ ਚਿਤੁ ਲਾਈਐ।। (ਪੰਨਾ ੮੫੦)**
**ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ।।**
**(ਪੰਨਾ ੧੨੩੯)**

ਪ੍ਰਭੂ ਪ੍ਰਾਪਤੀ ਦਾ ਮਾਰਗ ਦਰਸ਼ਕ 'ਗੁਰੂ' ਹੀ ਹੈ। ਆਤਮਿਕ ਮੰਡਲਾਂ ਦੀ ਸੈਰ, ਇਲਾਹੀ ਸੁਖ-ਅਨੰਦ, ਸਦਾ-ਮਨ-ਚਾਉ ਦੀ ਅਵਸਥਾ, ਆਤਮਿਕ ਵਸਲ ਦੀ ਮੰਜਲ ਅਤੇ ਤੱਤ ਸ਼ਬਦ ਦੀ ਧੁਨੀ ਸੁਣਨ ਵਿੱਚ 'ਗੁਰੂ' ਹੀ ਸਹਾਇਕ ਬਣਦਾ ਹੈ। ਗੁਰੂ ਤੋਂ ਬਿਨਾਂ ਸੱਚ ਦੇ ਅਭਿਲਾਖੀ ਨੂੰ ਨਾਮ ਦੀ ਪ੍ਰਾਪਤੀ ਅਤੇ ਨਿਰੰਕਾਰ ਦੇ ਦਰਸ਼ਨ ਨਹੀਂ ਹੋ ਸਕਦੇ। ਗੁਰੂ ਹੀ 'ਭਵਜਲ ਬਿਖਮ ਅਸਗਾਹ' ਤੋਂ ਪਾਰ ਕਰਦਾ ਹੈ, ਆਦਿ ਉਕਤ ਅਟਲ ਸਚਾਈਆਂ ਦਾ ਨਜਾਇਜ਼ ਲਾਭ ਉਠਾਉਣ ਲਈ ਬਹੁਤ ਸਾਰੇ ਦੇਹਧਾਰੀ ਗੁਰੂ ਆਪਣੀਆਂ ਗੁਰੂ ਡੰਮ ਦੀਆਂ ਦੁਕਾਨਾਂ ਜ਼ਰੂਰ ਚਮਕਾ ਬੈਠੇ ਹਨ। ਉਹ ਸ਼ਰਾਰਤੀ ਚਾਲ ਰਾਹੀਂ ਗੁਰਬਾਣੀ ਦੇ ਪਾਵਨ ਸ਼ਬਦਾਂ ਦੇ ਅਰਥਾਂ ਦੇ ਅਨਅਰਥ ਕਰਕੇ ਆਮ ਮਨੁੱਖਾਂ ਅਤੇ ਸੱਚ ਦੇ ਪਾਂਧੀ ਸਾਧਕਾਂ ਦੇ ਮਨਾਂ ਅੰਦਰ ਇਸ ਸਬੰਧੀ ਭਰਮ-

ਭੁਲੇਖੇ ਪਾ ਕੇ ਆਪਣੇ ਪਾਖੰਡ ਜਾਲ ਵਿੱਚ ਫਸਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡਦੇ। ਕੁਫਰ ਤੋਲ ਕੇ ਗੁਰਬਾਣੀ ਦੀ ਆੜ ਹੇਠ ਉਨ੍ਹਾਂ ਨੇ ਆਪਣੀਆਂ ਕੂੜ ਦੇ ਸੌਦੇ ਦੀਆਂ ਦੁਕਾਨਾਂ ਦੀ ਗਾਹਕੀ ਜ਼ਰੂਰ ਵਧਾ ਲਈ ਹੈ। ਪਰ 'ਆਪ ਤਾਂ ਡੁੱਬੇ ਹੀ ਜਜ਼ਮਾਨ ਵੀ ਡੋਬੇ' ਦੀ ਅਖੌਤ ਵਾਂਗ ਭਟਕ ਗਏ ਜਾਪਦੇ ਹਨ। ਇਹ ਅਟੱਲ ਸੱਚਾਈ ਹੈ ਕਿ ਗੁਰੂ ਡੰਮ ਦੀਆਂ ਦੁਕਾਨਾਂ ਵਿੱਚੋਂ ਜੇਕਰ ਗੁਰਬਾਣੀ ਮਨਫ਼ੀ ਕਰ ਦਿੱਤੀ ਜਾਵੇ ਤਾਂ ਉਹ ਆਪਣੇ ਆਪ ਹੀ ਖ਼ਤਮ ਹੋ ਜਾਣਗੀਆਂ। ਕਿਉਂਕਿ ਉਨ੍ਹਾਂ ਪਾਸ ਗੁਰਮਤਿ ਸਿਧਾਂਤ ਨੂੰ ਵਿੰਗੇ ਟੇਢੇ ਢੰਗ ਨਾਲ ਪੇਸ਼ ਕਰਕੇ ਆਪਣੀਆਂ ਦੁਕਾਨਾਂ ਚਲਾਉਣ ਤੋਂ ਬਿਨ੍ਹਾਂ ਹੋਰ ਕੋਈ ਦੂਸਰਾ ਰਸਤਾ ਵੀ ਨਹੀਂ ਹੈ। ਸਰਗੁਣ ਭਗਤੀ ਤੇ ਦੇਹਧਾਰੀ ਜੀਵਤ ਗੁਰੂ ਦੀ ਸਨਾਤਨੀ ਮੱਤ ਦੀ ਪ੍ਰੰਪਰਾ, ਗੁਰਮਤਿ ਦੇ ਬਿਲਕੁਲ ਪ੍ਰਤੀਕੂਲ ਹੈ। ਸਿੱਖ ਸ਼ਬਦ ਦਾ ਪੁਜਾਰੀ ਹੈ। ਬਹੁਤ ਸਾਰੇ ਗੁਰਮਤਿ ਪ੍ਰਚਾਰਕ ਗੁਰਬਾਣੀ ਅੰਦਰ ਆਏ ਨਾਮ, ਹੁਕਮ ਤੇ ਸ਼ਬਦ ਦੇ ਭਾਵ ਨੂੰ ਨਾ ਸਮਝਦੇ ਹੋਏ ਗੁਰਬਾਣੀ ਨੂੰ ਸਮਝਾਉਣ ਵਾਲੇ ਨੂੰ ਹੀ ਗੁਰੂ, ਬ੍ਰਹਮ ਗਿਆਨੀ ਤੇ ਸੰਤ ਆਦਿ ਦੀਆਂ ਉਪਾਧੀਆਂ ਦੇ ਦਿੰਦੇ ਹਨ। ਦਸ ਗੁਰੂ ਸਾਹਿਬਾਨ ਪਿਛੋਂ ਸਿੱਖ ਨੂੰ ਪ੍ਰਭੂ ਮਿਲਾਪ ਦੀ ਮੰਜ਼ਲ ਉਪਰ ਤੁਰਨ ਲਈ ਕਿਸੇ



ਨਾਸਵੰਤ ਸਰੀਰ ਦੀ ਜ਼ਰੂਰਤ ਨਹੀਂ, ਸ਼ਬਦ ਹੀ ਉਸ ਦੀ ਸਹੀ ਅਗਵਾਈ ਕਰਦਾ ਹੈ। ਗੁਰਬਾਣੀ ਅੰਦਰ ਆਏ ਸਪੱਸ਼ਟ ਹੁਕਮ ਨੂੰ ਦੇਖਦੇ ਹੋਇਆਂ ਗੁਰਸਿੱਖ ਨੇ ਹੁਣ ਕਦੇ ਕਿਸੇ ਦੇਹ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਗੁਰੂ ਤੁੱਲ ਸਮਝਣਾ ਹੈ।

**ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ।।** (ਪੰਨਾ ੧੧੭੭)

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ।।** (ਪੰਨਾ ੬੭)

**ਗੁਰ ਕੀ ਬਾਣੀ ਜਿਸੁ ਮਨਿ ਵਸੈ।। ਦੂਖੁ ਦਰਦੁ ਸਭੁ ਤਾ ਕਾ ਨਸੈ।।** (ਪੰਨਾ ੧੩੪੦)

**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।।** (ਪੰਨਾ ੭੯੭)

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ।।** (ਪੰਨਾ ੩੦੪)

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।** (ਪੰਨਾ ੯੮੨)

ਗੁਰਬਾਣੀ ਤਾਂ ਖੁਦ ਹੀ ਨਿਰੰਕਾਰ ਦਾ ਰੂਪ ਹੈ,

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸੁ ਜੇਵਡੁ ਅਵਰੁ ਨ ਕੋਇ।।** (ਪੰਨਾ ੫੧੫)

ਗੁਰਬਾਣੀ ਗੁਰੂ ਹੈ, ਗੁਰਬਾਣੀ ਪੜ੍ਹਨਾ, ਗੁਰਬਾਣੀ ਸੁਣਨਾ, ਗੁਰਬਾਣੀ ਕੀਰਤਨ ਆਦਿ ਸਭ ਤਰੀਕੇ ਨਾਮ ਸਿਮਰਨ ਦੇ ਹੀ ਹਨ। ਗੁਰਬਾਣੀ ਅੰਮ੍ਰਿਤ ਹੈ, ਗੁਰਬਾਣੀ ਨਾਮ ਦਾ ਭੰਡਾਰ ਹੈ। ਗੁਰਸਿੱਖ ਨੂੰ ਕਿਸੇ ਸਾਧ ਤੋਂ ਹੋਰ ਗੁਪਤ ਨਾਮ ਲੈਣ ਦੀ ਜ਼ਰੂਰਤ ਨਹੀਂ। ਲੋੜ ਹੈ ਕੇਵਲ ਗੁਰਬਾਣੀ ਨੂੰ ਪੂਰਨ ਸ਼ਰਧਾ, ਵਿਸ਼ਵਾਸ ਤੇ ਪ੍ਰੇਮ ਨਾਲ ਹਿਰਦੇ ਅੰਦਰ ਵਸਾਉਣ ਦੀ।

ਜਿਹੜੇ ਸਰੀਰਕ ਪੈਰਾਂ ਨੂੰ ਗੁਰਬਾਣੀ ਅੰਦਰ ਆਏ ਚਰਣ ਸ਼ਬਦ ਨੂੰ ਸਰੀਰ ਨਾਲ ਜੋੜ ਕੇ ਗੁਰੂ ਡੰਮ ਦਾ ਪ੍ਰਚਾਰ ਕਰਦੇ ਹਨ ਉਹਨਾਂ ਨੂੰ ਹੇਠ ਲਿਖੇ ਮਹਾਂਵਾਕ ਮਨ ਤੋਂ ਗੁਰੂ ਡੰਮ ਦੀ ਮੈਲ ਲਾਹ ਕੇ ਨਿਰਪੱਖ ਤੌਰ 'ਤੇ ਗੁਰਮਤਿ ਪਰਿਪੇਖ ਅਨੁਸਾਰ ਵਾਚਣੇ ਚਾਹੀਦੇ ਹਨ :

**ਹਿਰਦੈ ਚਰਣ ਸਬਦੁ ਸਤਿਗੁਰ ਕੋ**
**ਨਾਨਕ ਬਾਂਧਿਓ ਪਾਲ।।** (ਪੰਨਾ ੬੮੦)

**ਗੁਰ ਕੇ ਚਰਣ ਹਿਰਦੈ ਵਸਾਇ।।** (ਪੰਨਾ ੧੯੦)

**ਹਰਿ ਚਰਨ ਸਰੋਵਰ ਤਹ ਕਰਹੁ ਨਿਵਾਸੁ ਮਨਾ।।**
(ਪੰਨਾ ੫੪੪)

ਅਜਿਹੇ ਦਰਜਨਾਂ ਹੀ ਮਹਾਂਵਾਕ ਹਨ ਜੋ ਚਰਣ ਦਾ ਅਰਥ ਗੁਰਸ਼ਬਦ ਹੀ ਪ੍ਰਗਟਾਉਂਦੇ ਹਨ। ਦੱਸੋ ਕਿਸੇ ਦੇ ਪੈਰ ਜਾਂ ਮੂਰਤ (ਸਾਰਾ ਸਰੀਰ) ਹੀ ਅਸੀਂ ਆਪਣੇ ਹਿਰਦੇ ਵਿੱਚ ਕਿਵੇਂ ਵਾੜ ਸਕਦੇ ਹਾਂ?

ਇਸੇ ਤਰ੍ਹਾਂ ਰਹੱਸਵਾਦੀ ਅਨੁਭਵ ਅਤੇ ਅਧਿਆਤਮਿਕ ਸਿਧਾਂਤ ਨੂੰ ਧੁਰ ਅੰਤਰ ਆਤਮੇ ਦੀਆਂ ਗਹਿਰਾਈਆਂ ਨੂੰ ਨਾ ਸਮਝ ਸਕਦੇ ਹੋਏ ਬਹੁਤੇ ਸਜਨ 'ਗੁਰੂ' ਅਤੇ 'ਗੁਰੂ-ਸ਼ਬਦ' ਨੂੰ ਭਿੰਨ-ਭਿੰਨ ਕਹਿ ਦਿੰਦੇ ਹਨ। ਉਹ ਦਲੀਲ ਦਿੰਦੇ ਹਨ ਕਿ 'ਗੁਰੂ' ਕਰਤਾ ਹੈ, ਉਸ ਦੇ ਮੁੱਖ ਵਿੱਚੋਂ ਨਿਕਲਿਆ 'ਸ਼ਬਦ' ਕਾਰਜ ਹੈ। ਇਸ ਲਈ ਕਰਤਾ ਅਤੇ ਕਾਰਜ ਕਦੇ ਇਕ ਨਹੀਂ ਹੋ ਸਕਦੇ। ਜਦੋਂਕਿ ਗੁਰਮਤਿ ਸਰੀਰ ਨੂੰ ਨਾਸਵਾਨ ਅਤੇ ਸ਼ਬਦ ਨੂੰ ਅਮਰ ਮੰਨਦੀ ਹੋਈ 'ਸ਼ਬਦ-ਗੁਰੂ, ਗੁਰੂ-ਸ਼ਬਦ ਹੈ' ਕਹਿ ਕੇ ਗੁਰਸਿੱਖਾਂ ਨੂੰ ਸਰੀਰਕ ਪੂਜਾ ਦੀ ਜਗਾਹ 'ਸ਼ਬਦ' ਦੇ ਲੜ ਲਾਉਂਦੀ ਹੈ।

ਯਾਦ ਰੱਖੋ ਗੁਰਬਾਣੀ ਦਾ ਅੱਖਰੀ ਰੂਪ 'ਸ਼ਬਦ' ਹੈ ਪਰ ਅਸੀਂ ਇਸ ਰਾਹੀਂ 'ਤੱਤ ਸ਼ਬਦ' ਦੀ ਪ੍ਰਾਪਤੀ ਕਰਨੀ ਹੈ।

**ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥ (ਪੰਨਾ ੨੯)**

ਗੁਰਬਾਣੀ ਦਿਮਾਗੀ ਖੇਡ, ਗੀਤ ਜਾਂ ਕਵਿਤਾ ਨਹੀਂ ਇਹ ਤਾਂ ਆਤਮਿਕ ਭਾਵਾਂ ਵਾਲੇ ਅਨੁਭਵੀ ਬ੍ਰਹਮ ਵਿਚਾਰ ਹਨ, ਜਿਨ੍ਹਾਂ ਦਾ ਲਾਹਾ ਅਸੀਂ ਅੰਤਰਮੁੱਖੀ ਬਣਕੇ, ਪ੍ਰੇਮ-ਰਸ-ਚਾਉ ਰਾਹੀਂ ਮਾਣਨਾ ਹੈ। ਜਿਸ ਨੂੰ ਮਾਣਨ ਲਈ ਸ਼ਬਦ ਦੀ ਚੋਟ ਖਾਣੀ ਪੈਂਦੀ ਹੈ, ਵਿਪਰਨ ਕੀ ਰੀਤ ਤੇ ਲੋਕਾਚਾਰੀ ਵੱਲੋਂ ਬੇਪ੍ਰਵਾਹ ਹੋਣਾ ਪੈਂਦਾ ਹੈ। ਇਸ ਤਰ੍ਹਾਂ ਸੱਚ ਦਾ ਪਾਂਧੀ ਭਰਮ ਭੁਲਾਵੇ ਵਾਲੀਆਂ ਬਾਹਰਮੁਖੀ ਫਹਿੰਦੀਆਂ ਕਲਾਂ ਦੀਆਂ ਦਲੀਲ ਬਾਜੀਆਂ ਤੋਂ ਉਪਰ ਉੱਠਕੇ 'ਸ਼ਬਦ-ਗੁਰੂ' ਦੇ ਅੱਖਰੀ ਸਰੂਪ ਗੁਰਬਾਣੀ ਦੇ ਲੜ ਲੱਗ ਕੇ 'ਸ਼ਬਦ-ਸੁਰਤ ਵਿੱਚ ਲਿਵਲੀਨ ਹੋ ਕੇ' ਨਾਮ ਰੂਪੀ ਪਿਰਮ ਪਿਆਲੇ ਦਾ ਅਮਿਓ ਰਸ ਪੀਂਦਾ ਹੋਇਆ ਗੁਰ ਪ੍ਰਸਾਦਿ ਦੁਆਰਾ ਆਤਮਿਕ ਅਤੇ ਦੈਵੀ ਗੁਣਾਂ ਦੀ ਬਖਸ਼ਿਸ਼ ਦਾ ਪਾਤਰ ਬਣਕੇ ਨਿਰੰਕਾਰ ਪਾਤਸ਼ਾਹ ਦੇ ਨਿੱਜ ਘਰ 'ਸਚਖੰਡ' ਵਿੱਚ ਸਹਿਜ ਸੁਭਾਏ ਜਾ ਵਾਸਾ ਕਰਦਾ ਹੈ।

ਸ਼ਬਦ ਕੋਈ ਅਜਿਹਾ ਮੰਤਰ ਨਹੀਂ ਜੋ ਧਾਗੇ ਤਬੀਤ ਵਿੱਚ ਮੜ ਕੇ ਗਲ ਵਿੱਚ ਪਾਇਆ ਜਾ ਸਕੇ। ਨਾ ਹੀ ਸ਼ਬਦ ਉਹ ਤਾਂਤ੍ਰਿਕ ਵਿੱਦਿਆ ਜਾਂ ਮਦਾਰੀ ਦਾ ਖੇਲ ਹੈ ਜੋ ਭਰਮ-ਭੁਲਾਵਿਆਂ ਅਤੇ ਕ੍ਰਿਸ਼ਮਿਕ ਚੱਕਰਾਂ ਵਿੱਚ ਫਸਾਕੇ, ਸਾਡੇ ਅੰਦਰ ਸੂਖਮ ਹਉਮੈ ਪੈਦਾ ਕਰਕੇ, ਆਤਮਿਕ ਮੰਜਲ ਤੋਂ ਖਿੱਚ ਕੇ ਤ੍ਰੈ ਗੁਣ ਮਾਇਆ ਵਿੱਚ ਗਲਤਾਨ ਕਰ ਦੇਵੇ। ਸ਼ਬਦ ਦੀ ਪ੍ਰਾਪਤੀ ਕਿਸੇ ਕਰਮ ਜੋਗ, ਹੱਠ ਜੋਗ ਜਾਂ ਧਾਰਮਿਕ ਕਰਮਕਾਂਡਾਂ ਨਾਲ ਨਹੀਂ ਹੋ ਸਕਦੀ। ਇਹ ਵੀ ਯਾਦ ਰੱਖਣਯੋਗ ਹੈ ਕਿ ਅੱਖਰ ਰੂਪੀ ਸ਼ਬਦ ਗੁਰਬਾਣੀ ਦਾ ਪਾਠ ਕਰਨ ਜਾਂ ਸੁਣਨ ਨੂੰ ਵੀ ਸ਼ਬਦ ਦੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ। ਪਰ ਫਿਰ ਵੀ ਸਾਧਕ ਨੂੰ ਮਨ ਦੇ ਠਹਿਰਾਓ ਲਈ, ਵਿਕਾਰਾਂ ਤੋਂ ਬਚਣ ਲਈ, ਵਿਸ਼ੇ-ਵਿਕਾਰਾਂ ਤੋਂ ਛੁਟਕਾਰੇ ਲਈ, ਮਨਮੱਤ ਦਾ ਤਿਆਗ ਕਰਕੇ ਗੁਰਮੁਖ ਬਣਨ ਲਈ ਗੁਰਬਾਣੀ ਦਾ ਕਥਾ ਅਤੇ ਕੀਰਤਨ ਸੁਣਨਾ ਬਹੁਤ ਜ਼ਰੂਰੀ ਹੈ। ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪ੍ਰਭੂ ਦੀਆਂ ਸਿਫਤ ਸਲਾਹਾਂ ਦਾ ਪਤਾ ਚਲਦਾ ਹੈ। ਪ੍ਰੇਮ-ਵਿਸ਼ਵਾਸ ਤੇ ਸ਼ਰਧਾ ਉਪਜਦੀ ਹੈ, ਭਟਕਦਾ ਮਨ ਇਕਾਗਰ ਹੋਣ ਲੱਗਦਾ ਹੈ, ਮਨ-ਚਿੱਤ ਤੇ ਬੁੱਧੀ ਦੀ ਮਲੀਨਤਾ ਦੂਰ ਹੁੰਦੀ ਹੈ। ਸਾਧਕ ਦੇ ਸਾਧਨਾ ਪ੍ਰਤੀ ਸਾਰੇ ਭਰਮ ਭੁਲੇਖੇ ਤੇ ਸ਼ੰਕੇ ਨਵਿਰਤ ਹੁੰਦੇ ਹਨ। ਇਸ ਤਰ੍ਹਾਂ ਗੁਰਬਾਣੀ ਦੀ ਚੁੰਬਕੀ ਖਿੱਚ ਹੀ ਉਸ ਨੂੰ 'ਤੱਤ ਸ਼ਬਦ' ਰੂਪੀ ਪਾਰਸ ਤੱਕ ਲੈ ਜਾਂਦੀ ਹੈ। ਗੁਰਬਾਣੀ ਨੂੰ ਪੜ੍ਹ-ਸੁਣ ਕੇ ਅਸੀਂ 'ਸ਼ਬਦ-ਗੁਰੂ' ਦੀ ਪ੍ਰਾਪਤੀ ਵੱਲੋਂ ਅਵੇਸਲੇ ਹੋ ਕੇ ਨਹੀਂ ਬੈਠਣਾ ਸਗੋਂ ਗੁਰੂ ਉਪਦੇਸ਼ ਕਮਾਉਂਦੇ ਹੋਇਆਂ, ਤੱਤ ਗਿਆਨ ਦੀ ਰੋਸ਼ਨੀ ਵਿੱਚ ਸੂਖਮ ਆਤਮ ਭਾਵਾਂ ਨੂੰ ਅੰਤਰ ਆਤਮੇ ਵਸਾ ਕੇ ਸਿਮਰਨ ਦੀ ਜਾਚ ਸਿੱਖਣੀ ਹੈ। ਫਿਰ ਹੀ ਅਸੀਂ ਸ਼ਬਦ-ਗੁਰੂ ਦੀ ਕਮਾਈ ਕਰਕੇ ਸੰਸਾਰ ਦੇ ਅਗਨ ਸਾਗਰ ਦੀਆਂ ਘੁੰਮਣ ਘੇਰੀਆਂ ਤੋਂ ਪਾਰ ਹੋ ਕੇ ਆਤਮਿਕ ਉਡਾਰੀਆਂ, ਆਤਮਿਕ ਕ੍ਰਿਸ਼ਮਿਆਂ ਤੇ ਆਤਮਿਕ ਉੱਚ ਮੰਡਲਾਂ ਦੀ ਸਿਖ਼ਰ ਪ੍ਰਾਪਤ ਕਰ ਸਕਦੇ ਹਾਂ। ਸੋ ਸਪੱਸ਼ਟ ਹੈ ਕਿ ਗੁਰਬਾਣੀ ਨੂੰ ਅਸੀਂ ਅਸਥੂਲ ਕੰਨਾਂ ਰਾਹੀਂ ਸੁਣਨਾ ਹੈ, ਕੀਰਤਨ ਰਾਹੀਂ ਮਨ ਨੂੰ ਇਕਾਗਰ ਕਰਨਾ ਹੈ ਤੇ ਸਾਧ ਸੰਗਤ ਵਿੱਚ ਸ਼ਬਦ ਦੀ ਵਿਚਾਰ ਕਰਨੀ ਹੈ।

ਗੁਰਮਤਿ ਅੰਦਰ 'ਸ਼ਬਦ ਸੁਰਤਿ' ਨੂੰ ਹੀ ਜੀਵਨ ਦਾ ਮੂਲ ਆਧਾਰ ਮੰਨਿਆ ਗਿਆ ਹੈ। ਪਾਰਬ੍ਰਹਮ ਗੁਰੂ ਸ਼ਬਦ ਹੈ ਤੇ ਸਿੱਖ ਦੀ ਸੁਰਤ ਚੇਲਾ। ਸੋ ਗੁਰੂ ਚੇਲਾ ਦਾ ਮਿਲਾਪ ਹੀ ਜੀਵਨ ਦਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਜਿਸ ਲਈ ਗੁਰਸਿੱਖ ਨੂੰ ਥੋੜ੍ਹਾ ਖਾਣਾ, ਥੋੜ੍ਹਾ ਸੌਣਾ, ਥੋੜ੍ਹਾ ਬੋਲਣਾ ਦੇ ਗੁਣ ਅਪਨਾਉਂਦਿਆਂ ਗੁਰਬਾਣੀ ਰਾਹੀਂ ਜੋਦੜੀ, ਤਰਲੇ, ਮਿੰਨਤ ਆਦਿ ਅਠੋ ਪਹਿਰ ਕਰਨ ਦੀ ਜ਼ਰੂਰਤ ਹੈ। ਸ਼ਬਦ-ਸੁਰਤਿ ਦਾ ਮਿਲਾਪ ਤਾਂ ਪਰਮਾਰਥਕ ਆਸ਼ਕਾਂ ਦਾ ਮਾਰਗ ਹੈ। ਮਨ ਦੀਆਂ ਚਤੁਰਾਈਆਂ, ਸਿਆਣਪਾਂ ਤੇ ਦਿਮਾਗੀ ਸੋਚ ਨੂੰ ਤਿਲਾਂਜਲੀ ਦੇ ਕੇ ਗੁਰੂ ਨੂੰ ਪੂਰਨ ਰੂਪ ਵਿੱਚ ਸਮਰਪਿਤ ਹੋਣ ਦਾ ਮਾਰਗ ਹੈ। ਪ੍ਰੇਮਾ ਭਗਤੀ ਕਰਦਿਆਂ ਨਾਮ ਰਸ ਨੂੰ ਮਾਨਣ ਦਾ ਮਾਰਗ ਹੈ। ਗੁਰੂ ਹੁਕਮ ਅੱਗੇ ਬਿਨ੍ਹਾਂ ਆਤਮੇ ਅਨੁਭਵ ਕਰਨ ਦੀ ਅਗੰਮੀ ਖੇਡ ਹੈ। ਨਾਮਰਸ ਤੇ ਰਹੱਸ ਦੀ ਸੋਝੀ ਸਤਿਸੰਗਤ ਵਿੱਚੋਂ ਹੁੰਦੀ ਹੈ। ਸਿਰਫ ਪੜ੍ਹਣ, ਸੁਣਨ ਨਾਲ ਕੁੱਝ ਨਹੀਂ ਹੋਣਾ। ਨਾ ਅੰਤਸ਼ਕਰਨ ਸ਼ੁੱਧ ਹੋਣਾ ਹੈ, ਨਾ ਹੀ ਰਜੋ ਤੇ ਤਮੋ ਰੁਚੀਆਂ ਤੇ ਮੰਦਭਾਵਨਾ ਦਾ ਖ਼ਾਤਮਾ ਹੋਣਾ ਹੈ। ਗੁਰਬਾਣੀ ਨੂੰ ਹਿਰਦੇ ਅੰਦਰ ਵਸਾ ਕੇ ਅਮਲੀ ਜੀਵਨ ਧਾਰਨ ਨਾਲ ਹੀ ਵਿਸਮਾਦੀ ਤੇ ਅਨਹਦੀ ਖੇਡ ਵਾਪਰਨੀ ਹੈ। ਸ਼ਬਦ-ਸੁਰਤਿ ਦੇ ਮੇਲ ਨਾਲ ਹੀ ਧਿਆਤਾ, ਧਿਆਨ, ਧੇਅ ਦਾ ਮਿਲਾਪ ਅਤੇ ਨਾਮ-ਨਾਮੀ ਦੀ ਅਭੇਦਤਾ ਹੁੰਦੀ ਹੈ। ਸ਼ਬਦ-ਗੁਰੂ ਗੁਰਬਾਣੀ ਨੂੰ ਹਿਰਦੇ ਅੰਦਰ ਵਸਾਉਣ ਲਈ ਸਾਨੂੰ ਦੁਨਿਆਵੀ ਚੰਚਲ ਪ੍ਰੀਤ, ਵਿਸ਼ੇ-ਵਿਕਾਰ, ਭਰਮ ਜਾਲ,



ਕਰਮ ਜਾਲ, ਮਨਮਤੀ ਖੇਡਾਂ, ਅਨਮਤੀ ਪ੍ਰਭਾਵ, ਦੁਬਿੱਧਾ, ਕੁਸੰਗਤ, ਨਿੰਦਾ, ਚੁਗਲੀ ਤੇ ਫਜ਼ੂਲ ਦੀ ਬਹਿਸ ਆਦਿ ਦਾ ਤਿਆਗ ਕਰਕੇ ਸਤਿ, ਸੰਤੋਖ, ਬਿਬੇਕ ਬੁੱਧ, ਸੱਚਾ ਵੈਰਾਗ, ਸੁਕ੍ਰਿਤ, ਪਰਉਪਕਾਰਤਾ, ਦਯਾ, ਧਰਮ ਦੇ ਮਾਰਗ ਨੂੰ ਅਪਨਾਉਣਾ ਹੋਵੇਗਾ। ਸ਼ਬਦ-ਸੁਰਤਿ ਦੇ ਮੇਲ ਤੋਂ ਹੀ ਨਾਮ ਦੀ ਕਮਾਈ ਤੇ ਅਜਪਾ-ਜਾਪ ਸ਼ੁਰੂ ਹੁੰਦਾ ਹੈ ਤੇ ਹੌਲੀ ਹੌਲੀ ਚੰਚਲ ਮਨ ਨਿਰਸੰਸਕਾਰ, ਨਿਰਵਿਕਲਪਾਕਾਰ ਤੇ ਅਫੁਰ ਸੁੰਨ ਸਮਾਧੀ ਅੰਦਰ ਸੁਧੇ ਸਿਧ ਗੁਰਪ੍ਰਸਾਦਿ ਸਦਕਾ ਪ੍ਰਵੇਸ਼ ਕਰ ਜਾਂਦਾ ਹੈ। ਸ਼ਬਦ ਦੀ ਕਮਾਈ ਨਾਲ ਹੀ ਮਨ ਦੀਆਂ ਖਿੰਡੀਆਂ ਬਿਰਤੀਆਂ ਇਕਾਗਰ ਕਰਕੇ, ਸਤਿ-ਚਿੱਤ-

ਇਕਾਗਰ ਕਰਕੇ, ਸਤਿ-ਚਿੱਤ-ਅਨੰਦ, ਅਗੰਮੀ ਜੋਤ ਦੇ ਦਰਸ਼ਨ ਹੋ ਸਕਦੇ ਹਨ। ਗੁਰਮਤਿ ਅਨੁਸਾਰ ਸ਼ਬਦ-ਸੁਰਤ ਦੀ ਸਾਧਨਾ ਅਸੀਂ ਆਪਣੇ ਜੋਰ, ਯਤਨ, ਚਤੁਰਾਈ, ਸਿਆਣਪ ਤੇ ਦਿਮਾਗੀ ਵਿਚਾਰ-ਵਟਾਂਦਰੇ ਆਦਿ ਨਾਲ ਨਹੀਂ ਸਗੋਂ ਗੁਰਪ੍ਰਸਾਦਿ ਸਦਕਾ ਸਾਧ-ਸੰਗਤਿ ਵਿੱਚ ਵਿਚਰਦਿਆਂ ਗੁਰਉਪਦੇਸ਼ਾਂ ਨੂੰ ਜੀਵਨ ਵਿੱਚ ਅਮਲੀ ਜਾਮਾ ਪਹਿਨਾ ਕੇ, ਨਿਰਮਾਣ ਅਤੇ ਨਿਸ਼ਕਾਮ ਬਣ ਕੇ ਹੀ ਕਰ ਸਕਦੇ ਹਾਂ। ਪਰ ਇਸ ਅਨਦ ਬਿਨੋਦੀ ਆਤਮ ਰਸ ਤੇ ਇਲਾਹੀ ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਮਨ, ਮਤਿ ਤੇ ਬੁੱਧੀ ਤੋਂ ਜਨਮ-ਜਨਮਾਂਤਰਾਂ ਦੀ ਲੱਗੀ ਪਾਪਾਂ ਤੇ ਵਿਸ਼ੇ-ਵਿਕਾਰਾਂ ਦੀ ਮੈਲ ਨੂੰ ਲਾਹ ਕੇ ਕੋਟਿਨ ਮੇ ਕੋਊ ਬਿਰਲਾ ਗੁਰਮੁਖ ਹੀ ਕਰ ਸਕਦਾ ਹੈ। ਇਹੋ ਕਾਰਨ ਹੈ ਕਿ ਇਸ ਕਮਾਈ ਨੂੰ ਗਾਖੜੀ ਅਤੇ ਅਲੂਣੀ ਸਿਲ ਚੱਟਣ ਦੇ ਸਮਾਨ ਦੱਸਿਆ ਗਿਆ ਹੈ। ਪਰ ਫਿਰ ਵੀ ਜਿਉਂ ਜਿਉਂ ਸਾਧਕ, ਸਾਧ ਸੰਗਤ ਕਰਦਾ ਹੈ, ਨਿਤਨੇਮ ਕਰਦਾ ਤੇ ਗੁਰਬਾਣੀ ਵਿਚਾਰਦਾ ਹੈ, ਤਿਉਂ-ਤਿਉਂ ਉਸ ਦੇ ਹਿਰਦੇ ਵਿੱਚ ਪ੍ਰਭੂ ਮਿਲਾਪ ਦੀ ਖਿੱਚ-ਰੀਝ ਤੇ ਚਾਉ ਦੇ ਨਾਲ ਨਾਲ ਬਿਰਹੋਂ ਵੈਰਾਗ ਦੀ ਅਵਸਥਾ ਰਾਹੀਂ ਵਸਲ ਦੀ ਭੁੱਖ ਤੀਬਰ ਹੁੰਦੀ ਰਹਿੰਦੀ ਹੈ।

ਗੁਰਮਤਿ ਅਨੁਸਾਰ 'ਸ਼ਬਦ ਗੁਰੂ' ਦੀ ਪ੍ਰਾਪਤੀ ਅੰਮ੍ਰਿਤ ਛਕਣ ਉਪਰੰਤ ਪੰਜ ਪਿਆਰਿਆਂ ਤੋਂ ਮਿਲੇ ਗੁਰਮੰਤਰ ਦੀ ਕਮਾਈ ਕਰਕੇ ਹੀ ਹੋ ਸਕਦੀ ਹੈ। ਦਸਮ ਪਿਤਾ ਨੇ ਪੰਥ ਵਿੱਚ ਸਰੀਰ ਅਤੇ ਗ੍ਰੰਥ ਵਿੱਚ ਜੋਤ ਵਿਦਮਾਨ ਕਰਕੇ ਅੱਗੋਂ ਲਈ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਸਦਾ ਵਾਸਤੇ ਹੀ ਖ਼ਤਮ ਕਰ ਦਿੱਤਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਪੰਜ ਪਿਆਰਿਆਂ ਤੋਂ ਮਿਲੀ ਦਾਤ 'ਸ਼ਬਦ-ਗੁਰੂ' ਦੇ ਲੜ ਲੱਗ ਕੇ ਹੀ ਅਸੀਂ 'ਲੋਕ ਸੁਖੀਏ-ਪ੍ਰਲੋਕ ਸੁਹੇਲੇ' ਹੋ ਸਕਦੇ ਹਾਂ। ਗੁਰੂ ਵਾਲੇ ਬਣਕੇ ਹੀ ਸ਼ਬਦ ਦੀ ਕਮਾਈ ਕੀਤੀ ਥਾਂਏ ਪੈਂਦੀ ਹੈ। ਗੁਰੂ ਤੋਂ ਨਾਮ ਦੀ ਪ੍ਰਾਪਤੀ ਦੇ ਉਪਦੇਸ਼ ਨੇ ਹੀ ਪਾਖੰਡੀ ਸਾਧਾਂ ਸੰਤਾਂ ਦੇ ਟੋਲੇ ਖੜ੍ਹੇ ਕਰ ਦਿੱਤੇ ਹਨ। ਗੁਰਮਤਿ ਨੂੰ ਮੁੜ ਉਥੇ ਲੈ ਜਾਣ ਦੀ ਭੂਮਿਕਾ ਅਦਾ ਕਰ ਰਹੇ ਹਨ, ਜਿੱਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ ਸੀ। ਸੋ ਸੱਚੇ ਗੁਰੂ-ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਕਿਸੇ ਹੋਰ ਦੇ ਚਰਨੀਂ ਲੱਗਣਾ ਗੁਰਸਿੱਖ ਨੂੰ ਸੋਭਾ ਨਹੀਂ ਦਿੰਦਾ। ਨਾਮ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਅਸੀਂ ਨਾਮ ਦੀ ਪ੍ਰਾਪਤੀ ਅੰਮ੍ਰਿਤ ਛਕਣ ਉਪਰੰਤ ਇਨ੍ਹਾਂ ਦੀ ਚਰਨ-ਸ਼ਰਨ ਵਿੱਚੋਂ ਹੀ ਪ੍ਰਾਪਤ ਕਰਨੀ ਹੈ -

**ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।।** (ਪੰਨਾ ੧੦੬੬)
**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।।** (ਪੰਨਾ ੭੯੭)

**ਗੁਰਮੁਖ ਜਨਮੁ ਸੁਕਾਰਥਾ,**
**ਗੁਰਬਾਣੀ ਪੜਿ ਸਮਝਿ ਸੁਣੇਹੀ।।**
**ਸਬਦੁ ਬੁਝੈ ਸੋ ਮੈਲੁ ਚੁਕਾਏ।।**
**ਨਿਰਮਲ ਨਾਮੁ ਵਸੈ ਮਨਿ ਆਏ।।** (ਪੰਨਾ ੧੦੪੪)
**ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ।।**
(ਪੰਨਾ ੪੯)
**ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ।।**
(ਪੰਨਾ ੪੦)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦਾ ਅੱਖਰ ਅੱਖਰ ਹੀ ਨਾਮ ਹੈ। ਸ਼ਬਦ ਦੀ ਵਿਸਮਾਦੀ ਖੇਡ ਖੇਡਣ ਲਈ ਪਹਿਲਾਂ ਸਾਸ ਗਿਰਾਸ ਸਿਮਰਨ ਕਰਦਿਆਂ, ਬੈਖਰੀ, ਮੱਧਮਾ, ਪਰਾ ਤੇ ਪਸੰਤੀ ਦੀ ਮੰਜ਼ਿਲ ਤਹਿ ਕਰਨੀ ਹੈ ਫਿਰ ਧਰਮ, ਅਰਥ, ਕਾਮ ਤੇ ਮੋਖ ਦੀ ਸੁੱਤੇ ਸਿੱਧ ਪ੍ਰਾਪਤੀ ਹੋ ਜਾਂਦੀ ਹੈ। ਇਸ ਦੇ ਨਾਲ ਹੀ ਸ਼ਬਦ ਦੀ ਚੋਟ ਨਾਲ ਅਣ ਮੜਿਆ ਮੰਦਲ ਵਜਦਾ ਹੈ, ਗੋਬਿੰਦ ਗਜਦਾ ਹੈ, ਅੰਤਰ ਆਤਮੇ ਅੰਮ੍ਰਿਤ ਦਾ ਸੋਮਾਂ ਫੁੱਟਦਾ ਹੈ, ਸੋ ਸ਼ਬਦ ਦੀ ਕਮਾਈ ਕਰਕੇ ਹੀ ਆਤਮਿਕ ਅਡੋਲਤਾ ਤੇ ਪਰਮਪਦੁ ਦੀ ਪ੍ਰਾਪਤੀ ਹੋ ਸਕਦੀ ਹੈ। ਆਓ, ਆਪਾਂ ਗੁਰਪ੍ਰਸਾਦਿ ਸਦਕਾ ਸਾਧ ਸੰਗਤ ਵਿੱਚ ਗੁਰਬਾਣੀ ਦੀ ਵਿਚਾਰ ਰਾਹੀਂ ਮਨ-ਬਚ-ਕਰਮ ਨਾਲ ਬਿਸਮਾਦੀ ਤੇ ਰਸੀਲੇ 'ਸ਼ਬਦ' ਦੀ ਕਮਾਈ ਕਰਕੇ ਅੰਦਰਲੀ ਪਰਮਜੋਤ, ਆਤਮ ਪ੍ਰਕਾਸ਼, ਨਿਰੰਕਾਰ ਨਾਲ ਅਭੇਦਤਾ ਪ੍ਰਾਪਤ ਕਰੀਏ ਤਾਂ ਹੀ ਜੀਵਨ ਸਫ਼ਲ ਹੋ ਸਕੇਗਾ। ਅੰਮ੍ਰਿਤ ਦੀ ਦਾਤ ਤੋਂ ਕੋਈ ਗੁਰੂ ਦਾ ਪਿਆਰਾ ਵਾਂਝਾ ਨਹੀਂ ਰਹਿਣਾ ਚਾਹੀਦਾ।

## ਨਿਸਚੇ ਦੀ ਦੀਵਾਰ

ਦੁਨੀਆਂ ਭਰ ਨੇ ਸੁਣਿਆ, ਵੇਖਿਆ ਤੇ ਪੜ੍ਹਿਆ ਹੈ ਕਿ ਜਰਮਨ ਦੇ ਬਰਲਿਨ ਵਿੱਚ ਵੰਡੀ ਪਾਉਣ ਵਾਲੀ ਦੀਵਾਰ ਕਿਵੇਂ ਢਹਿ ਢੇਰੀ ਕੀਤੀ ਗਈ। ਇਹ ਨਫ਼ਰਤ ਦੀ ਦੀਵਾਰ ਸੀ। ਜਿਸ ਦੇ ਟੁੱਟਣ ਦਾ ਸਬੱਬ ਜਰਮਨ ਲੋਕਾਂ ਦਾ ਏਕਾ ਤੇ ਪਿਆਰ ਬਣਿਆ। ਚੀਨ ਦੀ ਦੀਵਾਰ ਵੀ ਸੰਸਾਰ ਦੇ ਵੱਡੇ ਅਜੂਬਿਆਂ ਵਿੱਚ ਸ਼ੁਮਾਰ ਕੀਤੀ ਜਾਂਦੀ ਹੈ। ਇਹ ਢਾਲ ਰੂਪੀ ਦੀਵਾਰ ਹੈ, ਜੋ ਕਦੇ ਬਾਹਰੀ ਹਮਲਿਆਂ ਤੋਂ ਦੇਸ਼ ਦੀ ਰਾਖੀ ਕਰਨ ਲਈ ਓਟ ਬਣਦੀ ਸੀ।

ਸਾਡੇ ਆਪਣੇ ਵਿਰਸੇ ਵਿੱਚ ਸਾਨੂੰ ਜੋ ਦੀਵਾਰ ਪ੍ਰਾਪਤ ਹੋਈ, ਉਸ ਦਾ ਕੀ ਭੇਦ ਹੈ? ਓਸ ਸਰਹੰਦ ਦੀ ਦੀਵਾਰ ਦਾ ਕੀ ਮਹਾਤਮ ਹੈ? ਜਿਥੇ ਅੱਜ ਗੁਰਦੁਆਰਾ ਫਤਹਿਗੜ੍ਹ ਸਾਹਿਬ ਹੈ, ਜਿਥੇ ਮਾਤਾ ਗੁਜਰੀ ਜੀ ਦੇ ਸੰਗ ਨਿੱਕੀਆਂ ਜਿੰਦਾਂ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੇ ਵੱਡਾ ਸਾਕਾ ਕਰ ਵਿਖਾਇਆ ਸੀ, ਉਸ ਥਾਂ 'ਤੇ ਸਭ ਤੋਂ ਵੱਧ ਮਹੱਤਤਾ ਵਾਲੀ ਦੀਵਾਰ ਸਥਿਤ ਹੈ। ਜ਼ਾਲਮ ਨੇ ਤਾਂ ਉਸ ਦੀਵਾਰ ਵਿੱਚ ਕਲਗੀਧਰ ਪਿਤਾ ਦੇ ਛੋਟੇ ਲਾਲਾਂ ਨੂੰ ਚਿਣਵਾ ਕੇ ਸ਼ਹੀਦ ਕਰ ਦਿੱਤਾ ਸੀ, ਪਰ ਉਹ ਦੀਵਾਰ ਸਿੱਖੀ ਦੇ 'ਨਿਸਚੇ ਦੀ ਦੀਵਾਰ' ਬਣ ਕੇ ਇਤਿਹਾਸ ਵਿੱਚ ਪ੍ਰਸਿੱਧ ਹੋਈ। ਸਤਿਗੁਰਾਂ ਨੇ ਜੋ ਅਬਿਚਲ ਨੀਂਵ ਧਰਾਈ ਸੀ ਸਿੱਖੀ ਸਿਦਕ ਦੀ, ਉਹ ਕਦੇ ਡੋਲੀ ਨਾ। ਉਹ ਸਦਾ ਦ੍ਰਿੜ੍ਹ ਰਹੀ। ਧਰਮ, ਨਿਆਂ ਤੇ ਸੱਚ ਉੱਤੇ ਪਹਿਰਾ ਦੇਣ ਦਾ, ਮਰ ਮਿੱਟਣ ਦਾ ਸੰਦੇਸ਼ ਦੇ ਰਹੀ 'ਸਰਹੰਦ ਦੀ ਦੀਵਾਰ' ਸਾਡੀ ਕੌਮੀ ਵਿਰਾਸਤ ਹੈ। ਸਾਡੇ ਜਜ਼ਬਾਤਾਂ ਦਾ ਕੇਂਦਰ ਹੈ। ਸਾਡੇ ਵਿਸ਼ਵਾਸ ਦਾ ਸੋਮਾ ਹੈ। ਸਾਡੇ ਰਾਹਾਂ ਦਾ ਚਾਨਣ ਮੁਨਾਰਾ ਹੈ।

ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥ (ਪੰਨਾ ੩੨)